BRAMPTON

Media Release

ਤੁਰੰਤ ਰਿਲੀਜ ਲਈ

# 2022/2023 ਪਰਫੌਰਮਿੰਗ ਆਰਟਸ ਬ੍ਰੈਂਪਟਨ ਸੀਜਨ ਦਾ ਐਲਾਨ ਕੀਤਾ ਜਾ ਰਿਹਾ ਹੈ

ਬ੍ਰੈਂਪਟਨ, ਓਨਟੈਰੀਓ (18 ਮਈ, 2022) – ਸਿਟੀ ਆਫ ਬ੍ਰੈਂਪਟਨ, ਆਪਣੇ 2022/2023 ਪਰਫੌਰਮਿੰਗ ਆਰਟਸ ਬ੍ਰੈਂਪਟਨ (2022/2023 Performing Arts Brampton) ਸੀਜਨ ਦਾ ਐਲਾਨ ਕਰਨ ਲਈ ਉਤਸ਼ਾਹਿਤ ਹੈ, ਜਿਸ ਵਿੱਚ ਹਰ ਕਿਸੇ ਵਾਸਤੇ ਅਨੰਦ ਮਾਣਨ ਲਈ, ਲਾਈਵ ਮਿਊਜਿਕ, ਕਾੱਮੇਡੀ ਅਤੇ ਥਿਏਟਰੀਕਲ ਮਨੋਰੰਜਨ ਹੋਵੇਗਾ। ਇਸ ਵਿੱਚ ਦੋ ਵੱਡੀ ਸੀਰੀਜ, *ਪਰਫੌਰਮਿੰਗ ਆਰਟਸ ਬ੍ਰੈਂਪਟਨ ਪ੍ਰੈਜੈਂਟਸ (Performing Arts Brampton Presents)* ਅਤੇ *ਦਿਸ ਇਜ ਬ੍ਰੈਂਪਟਨ (This is Brampton)* ਸ਼ਾਮਲ ਹਨ, ਦਰਸ਼ਕ ਸਿਟੀ ਦੀਆਂ ਸਾਰੀਆਂ ਚਾਰ ਪਰਫੌਰਮਿੰਗ ਆਰਟਸ ਥਾਵਾਂ ਵਿਖੇ ਪ੍ਰੋਡਕਸ਼ਨਸ ਦਾ ਅਨੁਭਵ ਕਰਨਗੇ – ਦ ਰੋਜ਼ (The Rose), ਐਲ.ਬੀ.ਪੀ. ਥਿਏਟਰ (LBP Theatre), ਸਿਰਿਲ ਕਲਾਰਕ ਥਿਏਟਰ (Cyril Clark Theatre) ਅਤੇ ਗਾਰਡਨ ਸਕਵੇਅਰ (Garden Square)।

ਇਸ ਸੀਜਨ, *ਪਰਫੌਰਮਿੰਗ ਆਰਟਸ ਬ੍ਰੈਂਪਟਨ ਪ੍ਰੈਜੈਂਟਸ* ਵਿੱਚ ਪ੍ਰਸਿੱਧ ਸੰਗੀਤਕਾਰਾਂ, ਕੈਨੇਡਾ ਦੀਆਂ ਪ੍ਰਸਿੱਧ ਹਸਤੀਆਂ, ਕਾੱਮੇਡੀ ਦੇ ਸਿਤਾਰਿਆਂ ਅਤੇ ਦੁਨੀਆਭਰ ਵਿੱਚ ਮਸ਼ਹੂਰ ਥਿਏਟਰ ਅਤੇ ਰੰਗਭੂਮੀ ਕਲਾਕਾਰਾਂ ਨੂੰ ਪੇਸ਼ ਕੀਤਾ ਜਾ ਰਿਹਾ ਹੈ, ਇਹਨਾਂ ਵਿੱਚ ਸ਼ਾਮਲ ਹਨ:

- ਰੈਡ ਰਾਈਡਰ (Red Rider) ਦੇ ਨਾਲ ਟੌਮ ਕੋਕਰੇਨ (Tom Cochrane)
- ਕਿੰਕੀ ਬੂਟਸ (Kinky Boots)
- ਦ ਟੈਨਰਸ (The Tenors)
- ਜੇਕਸ ਗਿਫਟ (Jake's Gift)
- ਜੌਨੀ ਰੀਡ (Johnny Reid), ਲਵ ਸਮਵਨ ਟੂਰ (Love Someone Tour)
- ਵਨੇਸਾ ਵਿਲੀਅਮਸ (Vanessa Williams)
- ਐਨ ਆਫ ਗ੍ਰੀਨ ਗੇਬਲਸ (Anne of Green Gables), ਕੈਨੇਡਾਜ ਬੈਲੇਟ ਜੋਰਗਨ (Canada's Ballet Jörgen) ਵੱਲੋਂ ਪੇਸ਼ ਕੀਤਾ ਜਾ ਰਿਹਾ ਹੈ
- ਐਨੀਮਲ (Animal), ਸਰਕ ਅਲਫੌਂਸ (Cirque Alfonse) ਵੱਲੋਂ ਪੇਸ਼ ਕੀਤਾ ਜਾ ਰਿਹਾ ਹੈ
- ਸੇਰੇਨਾ ਰਾਇਡਰ (Serena Ryder)
- ਸ਼ੌਨ ਮਜੂਮਦਾਰ (Shaun Majumder), ਲਵ ਟੂਰ (Love Tour)
- ਦ ਓਰਿਜਿਨਲ ਵੇਲਰਸ (The Original Wailers)
- ਜਾਨ ਆਰਡਨ (Jann Arden)
- ਪੈਡਿੰਗਟਨ ਗੈਟਸ ਇਨ ਅ ਜੈਮ (Paddington Gets in a Jam)
- ਰੋਬਰਟ ਕ੍ਰੇ (Robert Cray)
- ਪਾੱਲ ਰੀਜਰ (Paul Reiser)
- ਦ ਅਗਲੀ ਡਕਲਿੰਗ (The Ugly Duckling), ਲਾਈਟਵਾਇਰ ਥਿਏਟਰ (Lightwire Theater) ਵੱਲੋਂ ਬਣਾਇਆ ਗਿਆ
- ਬਿਗ ਰੈਕ (Big Wreck)
- ਜਸਟ ਫਾਰ ਲਾਫਸ (Just for Laughs)
- ਅਤੇ ਹੋਰ ਵੀ ਬਹੁਤ ਕੁਝ!

ਪਰਫੌਰਮਿੰਗ ਆਰਟਸ ਬ੍ਰੈਂਪਟਨ, ਲੋਕਲ ਕਲਾਕਾਰਾਂ ਨੂੰ ਉਜਾਗਰ ਕਰਨ ਅਤੇ ਕਮਿਉਨਿਟੀ ਸੰਗਠਨਾਂ ਦੇ ਨਾਲ ਭਾਈਵਾਲੀ ਕਰਨ ਲਈ ਵਚਨਬੱਧ ਹੈ, ਤਾਂ ਜੋ ਬ੍ਰੈਂਪਟਨ ਦੀ ਪ੍ਰਤਿਭਾ ਨੂੰ ਪ੍ਰਗਟ, ਵਿਕਸਿਤ ਕੀਤਾ ਅਤੇ ਉਸਦਾ ਜਸ਼ਨ ਮਨਾਇਆ ਜਾਵੇ। ਸਹਿ-ਪੇਸ਼ਕਾਰੀ ਭਾਈਵਾਲਾਂ ਵਿੱਚ ਸ਼ਾਮਲ ਹਨ, ਦ ਰੋਜ਼ ਔਰਕੈਸਟਰਾ (The Rose Orchestra), ਬ੍ਰੈਂਪਟਨ ਕੋਨਸਰਟ ਬੈਂਡ (Brampton Concert Band) ਅਤੇ ਬ੍ਰੈਂਪਟਨ ਮਿਊਜਿਕ ਥਿਏਟਰ (Brampton Music Theatre)।

*ਦਿਸ ਇਜ ਬ੍ਰੈਂਪਟਨ,* ਦ ਰੋਜ਼ ਵਿਖੇ ਸਟੂਡਿਓ II (Studio II) ਵਿਖੇ ਫਿਰ ਹੋ ਰਿਹਾ ਹੈ, ਇਹ ਬ੍ਰੈਂਪਟਨ ਦੀ ਸ਼ਾਨਦਾਰ ਪ੍ਰਤਿਭਾ ਲਈ ਨਿੱਜੀ ਅਤੇ ਅਪ-ਕਲੋਜ ਪਲੇਟਫਾਰਮ ਦੇ ਨਾਲ-ਨਾਲ ਕਲਾਤਮਕ ਵਿਕਾਸ ਲਈ ਮੌਕਾ ਪ੍ਰਦਾਨ ਕਰ ਰਿਹਾ ਹੈ। ਸੀਰੀਜ ਦੇ ਕਿਊਰੇਟਰਾਂ ਵਿੱਚ ਸ਼ਾਮਲ ਹਨ, ਬੀ-ਜੈਜ਼ਡ (B-Jazzed), ਔਫ ਦ ਰਿਕਾਰਡ, ਸਟੈਂਡ-ਅਪ ਸਟਿਚਸ (Stand-Up Stitches), ਸੌਨਡ੍ਰਾਈਵ ਰਿਕਾਰਡਸ (SounDrive Records), ਸਪੇਡਸ ਮੀਡੀਆ (Spades Media), ਕਰੇਟ ਕਲੈਸ਼ (Crate Clash), QueeriAH!city, ਹਾਈਪ (HYPE) ਅਤੇ ਬਲੂਬਰਡ ਬ੍ਰੈਂਪਟਨ (Bluebird Brampton)।

ਜਿਵੇਂ ਕਿ ਅਸੀਂ ਲਗਾਤਾਰ ਕੋਵਿਡ-19 (COVID-19) ਮਹਾਂਮਾਰੀ ਤੋਂ ਬਾਹਰ ਨਿੱਕਲ ਰਹੇ ਹਾਂ, ਪਰਫੌਰਮਿੰਗ ਆਰਟਸ ਬ੍ਰੈਂਪਟਨ, ਲਾਈਵ ਮਨੋਰੰਜਨ ਨੂੰ ਸਾਰਿਆਂ ਵਾਸਤੇ ਕਿਫਾਇਤੀ ਅਤੇ ਪਹੁੰਚਯੋਗ ਬਣਾਉਣ ਲਈ ਵਚਨਬੱਧ ਹੈ। ਕਈ ਤਰ੍ਹਾਂ ਦੇ ਸ਼ੋਅਜ ਲਈ ਟਿਕਟ ਦੀਆਂ ਕੀਮਤਾਂ ਘਟਾ ਕੇ ਸਿਰਫ 20 ਡਾਲਰ ਤੱਕ ਕਰ ਦਿੱਤੀਆਂ ਗਈਆਂ ਹਨ।

2022/2023 ਦੇ ਸੀਜਨ ਲਈ ਟਿਕਟਾਂ ਦੀ ਵਿਕਰੀ, ਰੋਜ਼ ਮੈਂਬਰਾਂ ਲਈ 26 ਮਈ ਤੋਂ ਅਤੇ ਪਬਲਿਕ ਲਈ 10 ਜੂਨ ਤੋਂ ਸ਼ੁਰੂ ਹੋ ਰਹੀ ਹੈ। ਸਮੁੱਚਾ ਸ਼ੈਡਿਊਲ ਦੇਖਣ, ਟਿਕਟਾਂ ਖਰੀਦਣ ਅਤੇ ਹੋਰ ਜਾਣਕਾਰੀ ਪ੍ਰਾਪਤ ਕਰਨ ਲਈ, therosebrampton.ca ਤੇ ਜਾਓ ਜਾਂ ਬੌਕਸ ਆਫਿਸ (Box Office) ਨੂੰ 905.874.2800 ਤੇ ਫੋਨ ਕਰੋ।

*ਪਰਫੌਰਮਿੰਗ ਆਰਟਸ ਬ੍ਰੈਂਪਟਨ ਸਾਡੇ 2022-2023 ਦੇ ਸੀਜਨ ਦੇ ਪ੍ਰਾਯੋਜਕਾਂ (ਸਪਾਂਸਰਸ) ਦਾ ਬੇਹੱਦ ਧੰਨਵਾਦੀ ਹੈ: 45 ਰੇਲਰੋਡ, ਅਲਗੋਮਾ ਯੂਨੀਵਰਸਿਟੀ (45 Railroad, Algoma University), ਫੀਲਡਗੇਟ ਡਿਵੈਲਪਮੈਂਟਸ (Fieldgate Developments), ਮੇਰੀਡਿਅਨ ਕ੍ਰੈਡਿਟ ਯੂਨੀਅਨ (Meridian Credit Union), ਅਤੇ ਨੌਰਥਵੈਸਟ ਲੈਕਸਸ (Northwest Lexus) I*

**ਗਾਰਡਨ ਸਕਵੇਅਰ ਦੇ ਕਾਰਜਕਰਮ**

ਡਾਊਨਟਾਊਨ ਬ੍ਰੈਂਪਟਨ ਦੇ ਕੇਂਦਰ ਵਿੱਚ ਕਲਾ, ਸੱਭਿਆਚਾਰ ਅਤੇ ਕਮਿਉਨਿਟੀ ਦਾ ਅਨੁਭਵ ਪ੍ਰਾਪਤ ਕਰੋ। ਗਾਰਡਨ ਸਕਵੇਅਰ ਵਿੱਚ ਪੂਰੀ ਗਰਮੀ ਮੁਫਤ ਮਨੋਰੰਜਨ ਦਾ ਅਨੰਦ ਮਾਣੋ, ਇਸ ਵਿੱਚ ਸ਼ਾਮਲ ਹੈ, 16 ਜੂਨ ਤੋਂ ਸ਼ੁਰੂ ਹੋਣ ਵਾਲੀ ਥਰਸਡੇ ਨਾਈਟ ਮੂਵੀਜ (Thursday Night Movies), ਪੌਪ-ਅਪ ਐਕਟੀਵੇਸ਼ਨਸ, ਫੈਸਟੀਵਲਸ ਅਤੇ ਖਾਸ ਕਾਰਜਕਰਮ।

- 19 ਜੂਨ: ਪ੍ਰਾਈਡ 2022 (Pride 2022), ਟੀ.ਡੀ. (TD) ਵੱਲੋਂ ਪੇਸ਼ ਕੀਤਾ ਜਾ ਰਿਹਾ ਹੈ
- 9 ਜੁਲਾਈ: 8ਵੀਂ ਐਨੁਅਲ ਈਸਟ ਕੋਸਟ ਕਿਚਨ ਪਾਰਟੀ (8th Annual East Coast Kitchen Party)
- 22 ਅਤੇ 23 ਜੁਲਾਈ: ਵਾਈਬ੍ਰੈਂਟ ਬ੍ਰੈਂਪਟਨ (Vibrant Brampton)
- 31 ਜੁਲਾਈ: JAMBANA™ ਵਨ ਵਰਲਡ ਫੈਸਟੀਵਲ (JAMBANA™ One World Festival)
- 13 ਅਗਸਤ: ਸਟੋਂਪ ਐਨ ਸਟੈਂਪੀਡ (Stomp ‘N Stampede)
- 30 ਸਤੰਬਰ: ਨੈਸ਼ਨਲ ਡੇ ਫਾਰ ਟ੍ਰੁਥ ਐਂਡ ਰਿਕਨਸਿਲਿਏਸ਼ਨ (National Day for Truth and Reconciliation); ਇੱਕ ਆਊਟਡੋਰ ਕੋਨਸਰਟ, ਜੋ ਜੂਨੋ (JUNO) ਅਵਾਰਡ ਜੇਤੂ ਇੰਡੀਜੀਨਸ ਪ੍ਰੋਗ-ਰੌਕ ਜੋੜੀ, ਕ੍ਰਾਊਨ ਲੈਂਡਸ (Crown Lands) ਨੂੰ ਪੇਸ਼ ਕਰਦਾ ਹੈ

*ਗਾਰਡਨ ਸਕਵੇਅਰ ਦੇ ਗਰਮੀ ਦੇ ਸੀਜਨ ਦੀ ਹਿਮਾਇਤ, ਉਦਾਰਤਾਪੂਰਬਕ, ਨੋ ਫਰਿਲਸ (No Frills), ਟੀ.ਡੀ. (TD), ਟਿਮ ਹੋਰਟਨਸ (Tim Hortons) ਅਤੇ ਟੋਰੋਂਟੋ ਪਿਅਰਸਨ (Toronto Pearson) ਵੱਲੋਂ ਕੀਤੀ ਗਈ ਹੈ।*

**ਹਵਾਲੇ**

"ਪਰਫੋਰਮਿੰਗ ਆਰਟਸ ਬ੍ਰੈਂਪਟਨ, ਸਾਡੇ ਸ਼ਹਿਰ ਵਿੱਚ ਸ਼ਾਨਦਾਰ ਥਾਵਾਂ ਤੇ ਕੰਮ ਕਰਦਾ ਹੈ ਅਤੇ ਉਹ ਮਨੋਰੰਜਨ ਨਾਲ ਭਰਪੂਰ ਇੱਕ ਹੋਰ ਸੀਜਨ ਲਿਆ ਰਹੇ ਹਨ, ਜਿਸਦਾ ਪੂਰਾ ਪਰਿਵਾਰ ਅਨੰਦ ਮਾਣ ਸਕਦਾ ਹੈ। ਪਰਫੋਰਮਿੰਗ ਆਰਟਸ ਵਿੱਚ ਲੋਕਾਂ ਨੂੰ ਇਕੱਠੇ ਲਿਆਉਣ ਦੀ ਤਾਕਤ ਹੈ ਅਤੇ ਕਿਉਂਕਿ ਅਸੀਂ ਵਿਅਕਤੀਗਤ ਕਾਰਜਕਰਮ ਦੁਬਾਰਾ ਸ਼ੁਰੂ ਕਰ ਰਹੇ ਹਾਂ, ਬਹੁਤ ਸਾਰੀਆਂ ਪਰਫੋਰਮੈਂਸੇਜ ਦਾ ਹੋਣਾ ਕਾਫੀ ਮਜ਼ੇਦਾਰ ਹੈ। ਆਪਣਾ ਮਨਪਸੰਦ ਸ਼ੋਅ ਲੱਭੋ ਅਤੇ ਅੱਜ ਹੀ ਆਪਣੀਆਂ ਟਿਕਟਾਂ ਲਵੋ!"

- *ਪੈਟਰਿਕ ਬ੍ਰਾਊਨ (Patrick Brown), ਮੇਅਰ, ਸਿਟੀ ਆਫ ਬ੍ਰੈਂਪਟਨ*

"ਮੈਂ 2022/2023 ਦੇ ਸੀਜਨ ਲਈ ਕਈ ਤਰ੍ਹਾਂ ਦੇ ਕਾਰਜਕਰਮ ਦੇਖਣ ਅਤੇ ਲਾਈਵ ਪਰਫੋਰਮੈਂਸੇਜ ਦੇ ਸਾਲ ਵਿੱਚ ਦਰਸ਼ਕਾਂ ਦਾ ਇੱਕ ਵਾਰ ਫਿਰ ਸੁਆਗਤ ਕਰਨ ਲਈ ਉਤਸ਼ਾਹਿਤ ਹਾਂ। ਬ੍ਰੈਂਪਟਨ ਇੱਕ ਮੋਜੈਕ ਹੈ, ਜਿੱਥੇ ਅਸੀਂ ਕਲਾ, ਸੱਭਿਆਚਾਰ ਅਤੇ ਮਨੋਰੰਜਨ ਦਾ ਜਸ਼ਨ ਮਨਾਉਂਦੇ ਹਨ ਅਤੇ ਮੈਂ ਸ਼ੋਅ ਦੇਖਣ ਲਈ ਬੇਹੱਦ ਉਤਸ਼ਾਹਿਤ ਹਾਂ।"

- *ਹਰਕੀਰਤ ਸਿੰਘ (Harkirat Singh), ਸਿਟੀ ਕਾਉਂਸਲਰ, ਵਾਰਡਸ 9 ਅਤੇ 10; ਚੇਅਰ, ਕਾਰਪੋਰੇਟ ਸਰਵਿਸਿਜ, ਸਿਟੀ ਆਫ ਬ੍ਰੈਂਪਟਨ*

"ਲਗਭਗ ਦੋ ਸਾਲਾਂ ਬਾਅਦ, ਮੈਂ ਬ੍ਰੈਂਪਟਨ ਵਿੱਚ ਪ੍ਰੋਗਰਾਮਿੰਗ ਦੇ ਪੂਰੇ ਸੀਜਨ ਨੂੰ ਇੱਕ ਵਾਰ ਫਿਰ ਹੁੰਦੇ ਦੇਖਣ ਲਈ ਬੇਹੱਦ ਉਤਸ਼ਾਹਿਤ ਹਾਂ। ਸਿਟੀ ਆਫ ਬ੍ਰੈਂਪਟਨ ਦੀ ਪਰਫੋਰਮਿੰਗ ਆਰਟਸ ਟੀਮ ਨੇ, ਕਾਮੇਡੀ, ਮਿਊਜਿਕ, ਡ੍ਰਾਮਾ ਆਦਿ ਨਾਲ ਭਰਪੂਰ ਸੀਜਨ ਤਿਆਰ ਕਰਨ ਵਿੱਚ ਸ਼ਾਨਦਾਰ ਕੰਮ ਕੀਤਾ ਹੈ, ਜੋ ਥਿਏਟਰ ਜਾਣ ਵਾਲੇ ਹਰ ਉਮਰ ਦੇ ਲੋਕਾਂ ਨੂੰ ਆਕਰਸ਼ਿਤ ਕਰਦਾ ਹੈ।"

- *ਪਾੱਲ ਮੋਰਿਸਨ (Paul Morrison), ਇੰਟਰਿਮ ਚੀਫ ਐਡਮਿਨਿਸਟ੍ਰੇਟਿਵ ਅਫਸਰ, ਸਿਟੀ ਆਫ ਬ੍ਰੈਂਪਟਨ*

"ਅੰਤਰਰਾਸ਼ਟਰੀ ਅਤੇ ਕੈਨੇਡਾ ਦੇ ਪਰਫੋਰਮਰਾਂ ਦੇ ਨਾਲ-ਨਾਲ, ਸਾਡਾ 2022-23 ਦਾ ਸੀਜਨ ਬ੍ਰੈਂਪਟਨ ਦੇ ਕਲਾਕਾਰਾਂ ਦੀਆਂ ਵੱਧ ਪਰਫੋਰਮੈਂਸੇਜ ਪੇਸ਼ ਕਰਦਾ ਹੈ, ਬ੍ਰੈਂਪਟਨ ਦੇ ਕਲਾ ਸੰਗਠਨਾਂ ਨਾਲ ਭਾਈਵਾਲੀਆਂ ਨੂੰ ਵੱਧ ਮਜ਼ਬੂਤ ਬਣਾਉਂਦਾ ਹੈ, ਸਾਡੇ ਮੰਚਾਂ ਤੇ ਖੁਦ ਨੂੰ ਪ੍ਰਗਟ ਹੁੰਦੇ ਵੇਖਣ ਲਈ ਵੱਧ ਮੌਕੇ, ਦਰਸ਼ਕਾਂ ਵਾਸਤੇ ਅਤੇ ਬ੍ਰੈਂਪਟਨ ਦੇ ਖੂਬਸੂਰਤ ਮੋਜੈਕ ਨੂੰ ਦੇਖਣ ਲਈ, ਸਾਡੇ ਮੰਚਾਂ ਤੇ ਕਲਾਕਾਰਾਂ ਲਈ ਵੱਧ ਮੌਕੇ ਪ੍ਰਦਾਨ ਕਰਦਾ ਹੈ।"

- *ਸਟੀਵਨ ਸ਼ਿੱਪਰ (Steven Schipper), ਐਗਜੀਕਿਉਟਿਵ ਆਰਟਿਸਟਿਕ ਡਾਇਰੈਕਟਰ, ਪਰਫੋਰਮਿੰਗ ਆਰਟਸ, ਸਿਟੀ ਆਫ ਬ੍ਰੈਂਪਟਨ*

-30-

**ਕੈਨੇਡਾ ਵਿੱਚ ਸਭ ਤੋਂ ਵੱਧ ਤੇਜ਼ੀ ਨਾਲ ਵਧਣ ਵਾਲੇ ਸ਼ਹਿਰਾਂ ਵਿੱਚੋਂ ਇੱਕ ਦੇ ਤੌਰ ਤੇ, ਬ੍ਰੈਂਪਟਨ 700,000 ਲੋਕਾਂ ਅਤੇ 75,000 ਕਾਰੋਬਾਰੀਆਂ ਦਾ ਘਰ ਹੈ।** ਅਸੀਂ ਜੋ ਵੀ ਕਰਦੇ ਹਾਂ, ਲੋਕਾਂ ਨੂੰ ਧਿਆਨ ਵਿੱਚ ਰੱਖ ਕੇ ਕਰਦੇ ਹਾਂ। ਅਸੀਂ ਸਾਡੇ ਵੰਨ-ਸੁਵੰਨੇ ਭਾਈਚਾਰਿਆਂ ਤੋਂ ਸਰਗਰਮ ਹੁੰਦੇ ਹਾਂ, ਅਸੀਂ ਨਿਵੇਸ਼ ਨੂੰ ਆਕਰਸ਼ਿਤ ਕਰਦੇ ਹਾਂ ਅਤੇ ਅਸੀਂ ਤਕਨੀਕ ਅਤੇ ਵਾਤਾਵਰਣ ਸਬੰਧੀ ਨਵੀਨਤਾ ਨੂੰ ਅੱਗੇ ਵਧਾਉਣ ਦੇ ਸਫ਼ਰ ਤੇ ਹਾਂ। ਅਸੀਂ ਇੱਕ ਅਜਿਹਾ ਸਿਹਤਮੰਦ ਸ਼ਹਿਰ ਬਣਾਉਣ ਵਿੱਚ ਉੱਨਤੀ ਲਈ ਭਾਈਵਾਲੀ ਕਰਦੇ ਹਾਂ, ਜੋ ਸੁਰੱਖਿਅਤ, ਸਥਿਰ ਅਤੇ ਸਫਲ ਹੋਵੇ। ਸਾਡੇ ਨਾਲ Twitter, Facebook, ਅਤੇ Instagram ਤੇ ਜੁੜੋ। www.brampton.ca ਤੇ ਹੋਰ ਜਾਣੋ।

Media Release

ਸਿਟੀ ਆਫ ਬ੍ਰੈਂਪਟਨ ਵਿਖੇ ਪਰਫੌਰਮਿੰਗ ਆਰਟਸ ਡਿਵੀਜਨ, ਕਲਾਤਮਕ ਉੱਤਮਤਾ ਅਤੇ ਡੂੰਘੀ ਕਮਿਉਨਿਟੀ ਸ਼ਮੂਲੀਅਤ ਦੀ ਆਪਣੀ ਕੋਸ਼ਿਸ਼ ਦੇ ਦੁਆਰਾ, ਬ੍ਰੈਂਪਟਨ ਦੀ ਬੇਜੋੜ ਸੱਭਿਆਚਾਰਕ ਪਛਾਣ ਅਤੇ ਰਚਨਾਤਮਕ ਜੋਸ਼ ਨੂੰ ਪ੍ਰਗਟ, ਵਿਕਸਿਤ ਅਤੇ ਇਸਦਾ ਪ੍ਰਚਾਰ ਕਰਦੀ ਹੈ। ਡਿਵੀਜਨ, ਬ੍ਰੈਂਪਟਨ ਵਿੱਚ ਚਾਰ ਥਾਵਾਂ ਸੰਚਾਲਿਤ ਕਰਦੀ ਹੈ: ਦ ਰੋਜ਼, ਐਲ.ਬੀ.ਪੀ. ਥਿਏਟਰ, ਸਿਰਿਲ ਕਲਾਰਕ ਥਿਏਟਰ ਅਤੇ ਗਾਰਡਨ ਸਕਵੇਅਰ। ਹੋਰ ਜਾਣਕਾਰੀ ਪ੍ਰਾਪਤ ਕਰੋ (Learn more)।

**ਮੀਡੀਆ ਸੰਪਰਕ**
ਸਿਟੀ ਆਫ ਬ੍ਰੈਂਪਟਨ ਮਲਟੀਕਲਚਰਲ ਮੀਡੀਆ
multiculturalmedia@brampton.ca